

# ਤੋਂ ਤਬਦੀਲ ਹੋ ਰਿਹਾ ਹੈ
# ਵਿਕਲਾਂਗ ਬੀਮਾ
# ਪੇਡ ਫੈਮਿਲੀ ਲੀਵ





CALIFORNIA
PAID FAMILY LEAVE
**moments matter.**

ਕੈਲੀਫੋਰਨੀਆ ਦਾ ਪੇਡ ਫੈਮਿਲੀ ਲੀਵ (PFL) ਪਰੋਗਰਾਮ ਉਹਨਾਂ ਮਾਵਾਂ ਨੂੰ ਲਾਭ ਪਰਦਾਨ ਕਰਦਾ ਹੈ ਜੋ ਆਪਣੇ ਨਵੇਂ ਬੱਚੇ ਨਾਲ ਚੰਗਾ ਰਿਸ਼ਤਾ ਬਣਾਉਣ ਲਈ ਕੰਮ ਤੋਂ ਸਮਾਂ ਕੱਢਦੀਆਂ ਹਨ। ਇਸ ਸਮੇਂ ਦਾ ਅਨੰਦ ਲਓ ਅਤੇ ਆਪਣੀ ਜ਼ਿੰਦਗੀ ਦੇ ਮਹੱਤਵਪੂਰਣ ਪਲਾਂ ਨੂੰ ਸਹੇਜੋ।

ਨਵੀਆਂ ਮਾਵਾਂ ਜੋ ਵਰਤਮਾਨ ਵਿੱਚ ਜਨਮ ਦੇਣ ਤੋਂ ਬਾਅਦ ਡਿਸਏਬਿਲਟੀ ਇੰਸ਼ੋਰੈਂਸ (DI) ਦਾ ਲਾਭ ਪਰਾਪਤ ਕਰ ਰਹੀਆਂ ਹਨ, ਉਹਨਾਂ ਦਾ DI ਕਲੇਮ ਖਤਮ ਹੋਣ 'ਤੇ ਉਹ PFL ਲਾਭ ਪਰਾਪਤ ਕਰਨ ਦੇ ਯੋਗ ਹਨ। DI ਤੋਂ PFL ਵਿੱਚ ਆਸਾਨੀ ਨਾਲ ਤਬਦੀਲੀ ਕਰਨ ਦਾ ਤਰੀਕਾ ਜਾਣੋ।

## ਕੀ ਤੁਸੀ ਯੋਗ ਹੋ?

**PFL ਲਾਭਾਂ ਲਈ ਯੋਗ ਹੋਣ ਲਈ, ਤੁਹਾਡਾ:**

- ਪਿਛਲੇ 12 ਮਹੀਨਿਆਂ ਵਿੱਚ ਪਰਿਵਾਰ ਵਿੱਚ ਇੱਕ ਨਵੇਂ ਬੱਚੇ ਦਾ ਸੁਆਗਤ ਕੀਤਾ ਹੋਣਾ ਜ਼ਰੂਰੀ ਹੈ।
- ਪਿਛਲੇ 5 ਤੋਂ 18 ਮਹੀਨਿਆਂ ਵਿੱਚ ਸਟੇਟ ਡਿਸਏਬਿਲਟੀ ਇੰਸ਼ੋਰੈਂਸ (ਪੇਸਟੁਬਸ 'ਤੇ "CASDI" ਵਜੋਂ ਨੋਟ ਕੀਤਾ ਗਿਆ) ਵਿੱਚ ਭੁਗਤਾਨ ਕੀਤਾ ਹੋਣਾ ਜ਼ਰੂਰੀ ਹੈ।
- ਪਿਛਲੇ 12 ਮਹੀਨਿਆਂ ਵਿੱਚ PFL ਲਾਭਾਂ ਦੇ ਅੱਠ ਹਫ਼ਤਿਆਂ ਦੀ ਵਰਤੋਂ ਨਹੀਂ ਕੀਤੀ ਹੋਣੀ ਜ਼ਰੂਰੀ ਹੈ।

## ਮੈਂ PFL ਲਈ ਇੱਕ ਦਾਅਵਾ ਕਿਵੇਂ ਦਰਜ ਕਰਾਂ?

*ਪੇਡ ਫੈਮਿਲੀ ਲੀਵ (PFL) ਲਾਭਾਂ - ਨਵੀਂ ਮਾਂ (DE 2501FP) ਲਈ ਦਾਅਵਾ* ਤੁਹਾਡੇ ਅੰਤਿਮ DI ਭੁਗਤਾਨ ਤੋਂ ਬਾਅਦ ਤੁਹਾਨੂੰ ਭੇਜਿਆ ਜਾਵੇਗਾ। PFL ਲਾਭਾਂ ਵਾਸਤੇ ਫਾਈਲ ਕਰਨ ਲਈ DE 2501FP ਨੂੰ ਸਬਮਿਟ ਕਰੋ।

ਜੇਕਰ ਤੁਸੀਂ ਡਾਕ ਰਾਹੀਂ ਆਪਣਾ DI ਦਾਅਵਾ ਫਾਈਲ ਕੀਤਾ ਹੈ:

- ਤੁਹਾਨੂੰ ਇੱਕ DE 2501FP ਫਾਰਮ ਡਾਕ ਰਾਹੀਂ ਭੇਜਿਆ ਜਾਵੇਗਾ। ਪਰੋਸੈਸਿੰਗ ਲਈ ਫਾਰਮ ਨੂੰ ਭਰ ਕੇ ਰੋਜ਼ਗਾਰ ਵਿਕਾਸ ਵਿਭਾਗ (EDD) ਨੂੰ ਡਾਕ ਰਾਹੀਂ ਭੇਜੋ।

ਜੇਕਰ ਤੁਸੀਂ SDI Online (edd.ca.gov/SDI_Online) ਦੀ ਵਰਤੋਂ ਕਰਕੇ ਆਪਣਾ DI ਦਾਅਵਾ ਦਾਇਰ ਕੀਤਾ ਹੈ:

- ਤੁਹਾਨੂੰ ਤੁਹਾਡੇ SDI ਔਨਲਾਈਨ ਇਨਬਾਕਸ ਵਿੱਚ DE 2501FP ਦਾ ਇੱਕ ਲਿੰਕ ਭੇਜਿਆ ਜਾਵੇਗਾ। ਜੇਕਰ ਤੁਸੀਂ ਇਲੈਕਟ੍ਰਾਨਿਕ ਤਰੀਕੇ ਨਾਲ ਫਾਈਲ ਕਰਦੇ ਹੋ, ਤਾਂ ਇਸ ਨੂੰ ਕਾਗਜ਼ੀ ਰੂਪ ਵਿੱਚ ਨਾ ਭੇਜੋ।

## ਅੱਗਲਾ ਕਦਮ ਕੀ ਹੋਵੇਗਾ?

ਅਸੀਂ ਤੁਹਾਨੂੰ *ਗਣਨਾ ਦਾ ਨੋਟਿਸ* (DE 429DF) ਭੇਜਾਂਗੇ ਜੋ ਇਸ ਗੱਲ ਦੀ ਪੁਸ਼ਟੀ ਕਰੇਗਾ ਕਿ ਸਾਨੂੰ ਤੁਹਾਡਾ ਦਾਅਵਾ ਪਰਾਪਤ ਹੋਇਆ ਹੈ ਅਤੇ ਤੁਹਾਡੀ ਅਨੁਮਾਨਿਤ ਹਫ਼ਤਾਵਾਰੀ ਲਾਭ ਦੀ ਰਕਮ ਪਰਦਾਨ ਕੀਤੀ ਜਾਵੇਗੀ। ਜਦੋਂ ਤੁਹਾਨੂੰ *ਇਲੈਕਟ੍ਰਾਨਿਕ ਲਾਭ ਭੁਗਤਾਨ (EBP) ਨੋਟੀਫਿਕੇਸ਼ਨ* (DE 2500E) ਪਰਾਪਤ ਹੋਵੇਗੀ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਅਸੀਂ ਤੁਹਾਡੇ ਦਾਅਵੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਜੇਕਰ ਤੁਹਾਡੇ ਦਾਅਵੇ ਵਿੱਚ ਕੁਝ ਵੀ ਗੁੰਮ ਹੋਵੇਗਾ ਤਾਂ ਅਸੀਂ ਤੁਹਾਡੇ ਨਾਲ ਸਿੱਧਾ ਸੰਪਰਕ ਕਰਾਂਗੇ।

ਹੋਰ ਜਾਣਨ ਲਈ **CaliforniaPaidFamilyLeave.com** 'ਤੇ ਜਾਓ।

EDD ਇੱਕ ਬਰਾਬਰ ਮੌਕਾ ਮਾਲਕ/ਪਰੋਗਰਾਮ ਹੈ। ਵਿਕਲਾਂਗ ਵਿਅਕਤੀਆਂ ਵੱਲੋਂ ਬੇਨਤੀ ਕਰਨ 'ਤੇ ਸਹਾਇਕ ਸਹਾਇਤਾ ਅਤੇ ਸੇਵਾਵਾਂ ਉਪਲਬਧ ਹਨ। ਸੇਵਾਵਾਂ, ਸਹਾਇਤਾ ਅਤੇ/ਜਾਂ ਵਿਕਲਪਿਕ ਫਾਰਮੈਟਾਂ ਲਈ ਬੇਨਤੀਆਂ 1-866-490-8879 (ਵੌਇਸ ਕਾਲ) 'ਤੇ ਕਾਲ ਕਰਕੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ। TTY ਵਰਤੋਂਕਾਰ, ਕਿਰਪਾ ਕਰਕੇ 711 'ਤੇ California Relay Service ਨੂੰ ਫ਼ੋਨ ਕਰੋ।

EDD Employment Development Department State of California